12

## ਜੇਲ੍ਹ ਸੇਵਾਵਾਂ

ਸਿਰਫ਼ ਆਈ ਏ ਐਸ ਅਤੇ ਪੀ ਸੀ ਐਸ ਅਫ਼ਸਰ ਹੀ ਸਰਕਾਰ ਤੋਂ ਨਾ-ਖ਼ੁਸ਼ ਨਹੀਂ ਸਨ। ਜੇਲ੍ਹ ਦਾ ਪ੍ਰਬੰਧ ਚਲਾਉਣ ਵਾਲਾ ਅਮਲਾ ਵੀ ਪੁਲਿਸ ਤੋਂ ਦੁਖੀ ਸੀ। ਭਾਰਤੀ ਜੇਲ੍ਹਾਂ ਸਿੱਧੇ ਤੌਰ ਤੇ ਪੁਲਿਸ ਦੇ ਅਧੀਨ ਕੰਮ ਨਹੀਂ ਕਰਦੀਆਂ ਪਰੰਤੂ ਜੇਲ੍ਹ ਸੇਵਾਵਾਂ ਦਾ ਪ੍ਰਬੰਧ ਕਈ ਵਾਰ ਡੈਪੂਟੇਸ਼ਨ ਤੇ ਲਏ ਇੰਸਪੈਕਟਰ-ਜਨਰਲ (ਜੇਲ੍ਹਾਂ) ਵਜੋਂ ਇਕ ਸੀਨੀਅਰ ਆਈ ਪੀ ਐਸ ਅਫ਼ਸਰ ਦੁਆਰਾ ਚਲਾਇਆ ਜਾਂਦਾ ਹੈ। ਜੇਲ੍ਹ ਸੇਵਾਵਾਂ ਅਤੇ ਪੁਲਿਸ ਸੇਵਾਵਾਂ ਵੱਖਰੀਆਂ ਹਨ।

ਸ਼ੱਕੀ ਅੱਤਵਾਦੀਆਂ ਜਿਨ੍ਹਾਂ ਨੂੰ ਅਦਾਲਤਾਂ ਦੁਆਰਾ ਬਰੀ ਕਰ ਦਿੱਤਾ ਜਾਂਦਾ ਸੀ ਜਾਂ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਜਾਂਦਾ ਸੀ ਜੇਲ੍ਹ ਦੇ ਗੇਟ ਤੋਂ ਮੁੜ-ਗਿਰਫਤਾਰ ਕਰਨ ਅਤੇ ਉਹ ਵੀ ਉਨ੍ਹਾਂ ਵਿਰੁੱਧ ਤਾਜ਼ਾ ਕੇਸ ਦਾਇਰ ਕੀਤੇ ਜਾਣ ਦੀ ਪ੍ਰਵਾਹ ਕੀਤੇ ਬਗੈਰ, ਪੁਲਿਸ ਦੀ ਆਮ ਪ੍ਰਥਾ ਬਣ ਗਈ ਸੀ। ਇਹ ਗੈਰ-ਕਾਨੂੰਨੀ ਹੈ ਪਰੰਤੂ ਪੁਲਿਸ ਦਾ ਨਾਹਰਾ ਸੀ "ਇਕ ਵਾਰ ਖਾੜਕੂ ਹਮੇਸ਼ਾਂ ਖਾੜਕੂ।" ਉਨ੍ਹਾਂ ਨੇ ਉਨ੍ਹਾਂ ਵਿਅਕਤੀਆਂ ਦੇ ਕੇਸ ਵਿਚ ਇਸ ਕਾਰਵਾਈ ਨੂੰ "ਉਪਾਓ ਕਾਰਵਾਈ" ਵਜੋਂ ਜਾਇਜ਼ ਠਹਿਰਾਇਆ ਕਿ ਉਹ ਜੋ ਜ਼ਮਾਨਤ ਤੇ ਰਿਹਾਅ ਹੋ ਕੇ ਦੁਬਾਰਾ ਫਿਰ ਅੱਤਵਾਦੀਆਂ ਨਾਲ ਰਲ ਜਾਣਗੇ। ਪੁਲਿਸ ਨੇ ਐਲਾਨ ਕੀਤਾ ਕਿ ਇਹ ਗਿਰਫਤਾਰੀਆਂ ਟਾਡਾ ਅਧੀਨ ਕੇਸਾਂ ਵਿਚ ਬਹੁਤ ਜ਼ਿਆਦਾ ਬਰੀ ਕੀਤੇ ਜਾ ਰਹੇ ਵਿਅਕਤੀਆਂ ਨੂੰ ਮੱਦੇ-ਨਜ਼ਰ ਰਖਦਿਆਂ ਉਨ੍ਹਾਂ (ਪੁਲਿਸ) ਲਈ ਇਕੋ ਇਕ ਰਸਤਾ ਸੀ।

ਜੇਲ੍ਹ ਅਧਿਕਾਰੀਆਂ ਨੇ ਵੱਖਰਾ ਰਸਤਾ ਅਪਣਾਇਆ। ਉਨ੍ਹਾਂ ਨੇ ਦਲੀਲ ਦਿੱਤੀ ਕਿ ਜਦੋਂ ਕਿਸੇ ਵਿਅਕਤੀ ਨੂੰ ਬਰੀ ਕਰ ਦਿੱਤਾ ਜਾਂਦਾ ਹੈ ਜਾਂ ਜ਼ਮਾਨਤ ਹੋ ਜਾਂਦੀ ਹੈ ਅਤੇ ਉਸ ਦੀ ਰਿਹਾਈ ਦੇ ਹੁਕਮ ਉਨ੍ਹਾਂ ਨੂੰ ਆ ਜਾਂਦੇ ਹਨ ਤਾਂ ਉਸ ਦਾ ਮਤਲਬ ਇਹ ਹੁੰਦਾ ਹੈ ਕਿ ਅਦਾਲਤ ਉਸ ਨੂੰ ਰਿਹਾਅ ਕਰਨਾ ਚਾਹੁੰਦੀ ਹੈ - ਨਾ ਕਿ ਉਸਨੂੰ ਪੁਲਿਸ ਦੇ ਹਵਾਲੇ ਕਰਨਾ। ਕਾਨੂੰਨ ਦੀਆਂ ਕਿਤਾਬਾਂ ਵਿਚ ਇਹ ਨਿਸ਼ਚਿਤ ਹੈ ਕਿ ਜੇਕਰ ਕਿਸੇ ਸਜ਼ਾ ਭੁਗਤ ਰਹੇ ਆਦਮੀ ਨੂੰ ਪ੍ਰੋਬੇਸ਼ਨ ਤੇ ਰਿਹਾ ਕੀਤਾ ਜਾਂਦਾ ਹੈ ਤਾਂ ਜੇਲ੍ਹ ਅਧਿਕਾਰੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਉਸ ਦੀ ਰਿਹਾਈ ਸਮੇਂ ਪੁਲਿਸ ਨੂੰ ਸੂਚਿਤ ਕਰਨ - ਪਰੰਤੂ ਇਹ ਚੀਜ਼ ਬਰੀ ਕੀਤੇ ਗਏ ਜਾਂ ਜ਼ਮਾਨਤ ਤੇ ਛੱਡੇ ਗਿਆਂ ਤੇ ਲਾਗੂ

ਨਹੀਂ ਹੁੰਦੀ।

5 ਸਤੰਬਰ, 1991 ਦੀ **ਦਿ ਟ੍ਰਿਬਿਊਨ** ਵਿਚ ਛਪੀ ਇਕ ਰਿਪੋਰਟ ਅਨੁਸਾਰ, "ਭਾਵੇਂ ਪੁਲਿਸ ਰਿਹਾਅ ਕੀਤੇ ਗਏ ਖਾੜਕੂਆਂ ਦੀ ਖੁਲ੍ਹੇ-ਆਮ ਗੈਰ-ਕਾਨੂੰਨੀ "ਗਿਰਫਤਾਰੀ" ਕਰਨ ਲੱਗ ਪਈ ਹੈ, ਨਾ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਨਾ ਹੀ ਸੈਸ਼ਨ ਜੱਜਾਂ ਕੋਲ ਇਸ ਵਤੀਰੇ ਨੂੰ ਬੰਦ ਕਰਨ ਲਈ ਪੁਲਿਸ ਨੂੰ ਹਦਾਇਤਾਂ ਦੇਣ ਦੀਆਂ ਸ਼ਕਤੀਆਂ ਹਨ।"

ਜਦੋਂ "ਓਪਰੇਸ਼ਨ ਬਲੈਕਥੰਡਰ" ਦੇ ਸਮੇਂ ਪੰਜ ਵਿਅਕਤੀਆਂ ਨੂੰ 1990 ਦੇ ਸ਼ੁਰੂ ਵਿਚ ਜ਼ਮਾਨਤ ਤੇ ਰਿਹਾਅ ਕੀਤਾ ਗਿਆ ਸੀ, ਤਾਂ ਤੰਗ ਆਈ ਪੁਲਿਸ ਨੇ ਡੀ ਐਸ ਪੀ (ਸਕਿਉਰਟੀ ਜੇਲ੍ਹਾਂ) ਨੂੰ ਬਦਲਵਾ ਦਿੱਤਾ ਸੀ। ਅਤੇ ਫਿਰ ਸਤੰਬਰ ਵਿਚ ਕਈ ਹੋਰ ਜ਼ਮਾਨਤ ਤੇ ਛੱਡੇ ਗਏ ਜਾਂ ਬਰੀ ਕੀਤੇ ਗਏ ਵਿਅਕਤੀਆਂ ਨੂੰ ਰਿਹਾਅ ਕੀਤਾ ਗਿਆ ਅਤੇ - ਪੁਲਿਸ ਅਨੁਸਾਰ - ਉਨ੍ਹਾਂ ਨੂੰ ਜੇਲ੍ਹ ਅਮਲੇ ਦੀ ਮਦਦ ਨਾਲ ਫਿਰ ਗਿਰਫਤਾਰ ਨਹੀਂ ਹੋਣ ਦਿੱਤਾ ਗਿਆ।

ਉਨ੍ਹਾਂ ਵਿਚੋਂ ਇਕ ਮੇਜਰ ਸਿੰਘ ਜਾਮਾਰਾਏ ਸੀ ਜੋ ਖਾਲਿਸਤਾਨ ਕਮਾਂਡੋ ਫੋਰਸ ਦਾ ਬੰਦਾ ਦੱਸਿਆ ਜਾਂਦਾ ਸੀ। ਚਾਹੇ ਪੁਲਿਸ ਵਾਲੇ ਉਸ ਦੀ ਜੇਲ੍ਹ ਦੇ ਦਰਵਾਜ਼ੇ ਅੱਗੇ ਇੰਤਜ਼ਾਰ ਕਰ ਰਹੇ ਸਨ, ਪੁਲਿਸ ਦੀ ਕਹਾਣੀ ਇਹ ਹੈ ਕਿ ਉਸ ਨੂੰ ਕਿਸੇ ਜੇਲ੍ਹ ਕਰਮਚਾਰੀ ਦੇ ਘਰ ਲਿਜਾ ਕੇ ਉਸ ਦੇ ਕਪੜੇ ਬਦਲਾਏ ਗਏ ਅਤੇ ਉਥੋਂ ਗੱਡੀ ਵਿਚ ਬਿਠਾ ਕੇ ਉਸ ਨੂੰ ਮੁੱਖ ਗੇਟ ਰਾਹੀਂ ਬਿਨ ਪਹਿਚਾਣਿਆਂ ਬਾਹਰ ਕੱਢਿਆ ਗਿਆ।

ਇਹ ਮਾਮਲਾ ਅਕਤੂਬਰ 1991 ਵਿਚ ਇਕ ਮੁੱਖੀ ਦੇ ਸਾਹਮਣੇ ਉਦੋਂ ਆਇਆ ਜਦੋਂ ਮਲਕੀਅਤ ਸਿੰਘ ਅਜਨਾਲਾ, ਜੋ ਓਪਰੇਸ਼ਨ ਬਲੈਕਥੰਡਰ ਕੇਸ ਵਿਚ ਮੁੱਖ ਦੋਸ਼ੀ ਸੀ, ਨੇ ਇੰਤਜ਼ਾਰ ਕਰ ਰਹੇ ਪੁਲਿਸ ਕਰਮਚਾਰੀਆਂ ਨੂੰ ਚਕਮਾ ਦਿੱਤਾ ਜਿਵੇਂ ਕਿ ਜਾਮਾਰਾਏ ਨੇ ਕੀਤਾ ਸੀ। ਜੇਲ੍ਹ ਵਿਭਾਗ ਦਾ ਅਮਲਾ - ਵਿਸ਼ੇਸ਼ ਕਰਕੇ ਅੰਮ੍ਰਿਤਸਰ ਵਿਖੇ ਕੇਂਦਰੀ ਜੇਲ੍ਹ ਦੇ ਉੱਚ ਸੁਰੱਖਿਆ ਅਧਿਕਾਰੀ - "ਨਾ-ਸਹਿਯੋਗ ਦੇਣ ਵਾਲਾ ਵਤੀਰਾ" ਅਪਣਾਉਣ ਲਈ ਪੁਲਿਸ ਦੇ ਭਾਰੀ ਹਮਲੇ ਦਾ ਸ਼ਿਕਾਰ ਹੋਏ। ਸਲਾਹਕਾਰ (ਸੁਰੱਖਿਆ), ਗ੍ਰਿਹ ਸਕੱਤਰ ਅਤੇ ਆਈ ਜੀ (ਜੇਲ੍ਹਾਂ) ਨੂੰ ਪੱਤਰਾਂ ਵਿਚ ਪੁਲਿਸ ਨੇ ਸ਼ਿਕਾਇਤ ਕੀਤੀ ਕਿ ਸੀਨੀਅਰ ਜੇਲ੍ਹ ਅਫ਼ਸਰ ਉਨ੍ਹਾਂ ਕੈਦੀਆਂ, ਜਿਨ੍ਹਾਂ ਨੂੰ ਅਦਾਲਤਾਂ ਦੁਆਰਾ ਬਰੀ ਜਾਂ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਗਿਆ ਹੈ, ਨੂੰ ਇਸ ਢੰਗ ਨਾਲ ਛੱਡ ਰਹੇ ਹਨ ਕਿ ਪੁਲਿਸ ਕਰਮਚਾਰੀ ਉਨ੍ਹਾਂ ਨੂੰ ਮੁੜ-ਗਿਰਫਤਾਰ ਕਰਨ ਲਈ ਜੇਲ੍ਹ ਦੇ ਮੁੱਖ ਗੇਟ ਤੇ ਇੰਤਜ਼ਾਰ ਕਰਦੀ ਰਹਿੰਦੀ ਹੈ ਲੇਕਿਨ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਪਹਿਲਾਂ ਹੀ ਕੈਦੀਆਂ ਨੂੰ ਜੇਲ੍ਹ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

ਜੇਲ੍ਹ ਅਮਲੇ ਨੇ ਇਸ ਦੇ ਜਵਾਬ ਵਿਚ ਇਹ ਦੋਸ਼ ਲਗਾਇਆ ਕਿ ਜੇਲ੍ਹ ਤੋਂ ਬਾਹਰ ਸੁਰੱਖਿਆ ਬਲਾਂ ਦੀਆਂ ਪੱਕੀਆਂ ਚੌਂਕੀਆਂ ਭ੍ਰਿਸ਼ਟਾਚਾਰ ਦਾ ਅੱਡਾ ਬਣ ਗਈਆਂ ਹਨ ਕਿਉਂਕਿ ਪੁਲਿਸ ਵਾਲੇ ਜੇਲ੍ਹ ਵਿਚੋਂ ਰਿਹਾਅ ਕੀਤੇ ਜਾਂਦੇ

ਹਰ ਤਰ੍ਹਾਂ ਦੇ ਅਪਰਾਧੀ ਨੂੰ ਚੁੱਕ ਲੈਂਦੇ ਹਨ ਬਲਕਿ ਆਬਕਾਰੀ ਐਕਟ ਅਧੀਨ ਕੈਦੀਆਂ ਨੂੰ ਵੀ ਨਹੀਂ ਬਖਸ਼ਦੇ ਜਿਹੜੇ ਜ਼ਮਾਨਤ ਤੇ ਛੱਡੇ ਹੁੰਦੇ ਹਨ। ਰਿਹਾਅ ਕੀਤੇ ਗਏ ਵਿਅਕਤੀਆਂ ਨੂੰ ਦੁਬਾਰਾ ਫੜ੍ਹ ਕੇ ਤਦ ਛੱਡਿਆ ਜਾਂਦਾ ਹੈ ਜੇਕਰ ਉਨ੍ਹਾਂ ਦੇ ਰਿਸ਼ਤੇਦਾਰ ਆ ਕੇ ਖੁੱਲ੍ਹਾ ਪੈਸਾ ਚੜ੍ਹਾ ਦਿੰਦੇ ਹਨ।

ਐਡੀਸ਼ਨਲ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਇਨ੍ਹਾਂ ਘਟਨਾਵਾਂ ਦੀ ਪੜਤਾਲ ਕਰਨ ਦਾ ਹੁਕਮ ਦਿੱਤਾ ਗਿਆ ਪਰੰਤੂ ਉਸ ਦੀ ਰਿਪੋਰਟ ਕਦੀ ਸਾਹਮਣੇ ਨਹੀਂ ਲਿਆਂਦੀ ਗਈ।

ਬਾਅਦ ਵਿਚ ਜੇਲ੍ਹ ਅਧਿਕਾਰੀ ਅੱਗੇ ਝੁਕ ਗਏ ਅਤੇ ਉਨ੍ਹਾਂ ਨੇ ਜੇਲ੍ਹ ਵਿਚ ਬੰਦ ਕੀਤੇ ਕੈਦੀਆਂ ਨੂੰ ਮੁੜ ਪੁੱਛ-ਗਿੱਛ ਕਰਨ ਲਈ ਪਕੜੇ ਜਾਣ ਦੇ ਮਾਮਲੇ (ਢੌਂਗ) ਵਿਚ ਪੁਲਿਸ ਦਾ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ।